Roll No. ........................

(12/24)

# 5588

## B.A. (General) EXAMINATION

(Third Semester)

PUNJABI (Elective)

*Time : Three Hours* *Maximum Marks* : 80

ਭਾਗ-ਪਹਿਲਾ

1. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5+5=10

(ੳ) ਜਾਂ ਮੈਂ ਰਮਜ਼ ਇਸ਼ਕ ਦੀ ਪਾਈ,
ਮੈਨਾ ਤੂਤੀ ਮਾਰ ਗਵਾਈ,
ਅੰਦਰ ਬਾਹਰ ਹੋਈ ਸਫ਼ਾਈ,
ਜਿਤ ਵਲ ਵੇਖਾਂ ਯਾਰੋ ਯਾਰ
ਇਸ਼ਕ ਦੀ ਨਵੀਓ ਨਵੀਂ ਬਹਾਰ।

(ਅ) ਮਾਏ ! ਸੰਗਤ ਜੰਜੀਰ ਬਲੋਚਾਂ,
ਹੋਤ ਪੁੰਨੂੰ ਨੂੰ ਪਾਏ।
ਕਦ ਉਹ ਮੁੜਨ ਪਿਛਾਹਾਂ ਕੇਂਦੇ,
ਐਛ ਕੁਕਰਮੀ ਆਏ।

ਸ਼ਾਲਾਂ ! ਰਹਿਣ ਖਰਾਬ ਹਮੇਸ਼ਾ,
ਦੁਖੀਏ ਆਣ ਦੁਖਾਏ।
ਹਾਸ਼ਮ ਕੇਤਕ ਬਾਤ ਸੱਸੀ ਨੂੰ,
ਜੇ ਰੱਬ ਯਾਰ ਮਿਲਾਏ।

(ੲ) ਮੁਲਾਂ ਜੀ ! ਪਹਿਲਾਂ ਮੁੰਡਿਆਂ ਕੁੱਢੀਆਂ,
ਗਾਲੀ ਆਦਿ ਭਵਾਨੀ ਤਾਦੀ।
ਜਿਸ ਨੂੰ ਰਾਜੇ ਤੇ ਸੁਲਤਾਨ ਸੇਂਵਦੇ,
ਚਹੁੰ ਕੁੰਟਾਂ ਦੇ ਸਾਈਂ।
ਹਿੰਦੂ ਮੁਸਲਮਾਨ ਸੇਂਵਦੇ,
ਮੰਨਣ ਕੁੱਲ ਅਰਾਈ।
ਮੈਂ ਪਿੱਛੋਂ ਸੁਖਨ ਬਰਾਬਰ ਕੀਤਾ,
ਪਹਿਲਾ ਕਹਿਆ ਨਾਹੀਂ।

(ਸ) ਮਾਤਾ ਦੇ ਦਿਲ ਗਿਆਨ ਉਪਜਿਆ
ਰਾਮ ਰਾਮ ਕਰ ਬੋਲੇ।
ਇਹ ਮਹਾਂਪੁਰਖ ਹੈ ਭਗਤ ਰਾਮ
ਦਾ ਹਰਗਿਜ ਜਰਾ ਨਾ ਡੋਲੇ।
ਇਸ ਪੁੱਤਰ ਦੀ ਕਰੀਏ ਸੇਵਾ,
ਹੈ ਕੋਈ ਰਤਨ ਅਮੋਲੇ।
ਬੱਚਾ। ਨਾਲ ਧਰਮ ਜਾਏ ਬੈਕੁੰਠੇ,
ਲੈ ਲੈ ਠੰਡੇ ਝੋਲੇ।



2. ਹੇਠ ਲਿਖੇ ਸਾਹਿਤਕਾਰਾਂ ਵਿੱਚੋਂ ਕਿਸੇ ਇਕ ਦੀ ਸਾਹਿਤਕ ਸੇਵਾ ਉੱਪਰ ਨੋਟ ਲਿਖੋ : 5
   (ੳ) ਮੁਕਬਲ
   (ਅ) ਨਜਾਬਤ
   (ੲ) ਅਗਰਾ
3. ਪ੍ਰੇਮ ਪ੍ਰਕਾਸ਼ ਜਾਂ ਵਰਿਆਮ ਸੰਧੂ ਦੀ ਪੰਜਾਬੀ ਕਹਾਣੀ ਨੂੰ ਦੇਣ ਉੱਪਰ ਨੋਟ ਲਿਖੋ। 5
4. ਹੇਠ ਲਿਖਿਆਂ ਕਹਾਣੀਆਂ ਵਿੱਚੋਂ ਇਕ ਦੀ ਸਾਹਿਤ ਪੜਚੋਲ ਕਰੋ : 10
   (ੳ) ਰੱਬ ਦੀ ਮੌਤ
   (ਅ) ਜੀਨਤ ਆਪਾ
   (ੲ) ਸ਼ੇਸ਼ਨਾਗ
   (ਸ) ਅੰਦਰਲੀ ਜੋਤ
5. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਨਿਬੰਧ ਲਿਖੋ : 10
   (ੳ) ਟੈਕਨਾਲੋਜ਼ੀ ਤੇ ਸਮਾਜ
   (ਅ) ਮਸ਼ੀਨੀ ਬੁੱਧੀਮਤਾ
   (ੲ) ਸਾਹਿਤ ਤੇ ਸਮਾਜ
   (ਸ) ਭਾਈ ਵੀਰ ਸਿੰਘ

6\. ਹੇਠ ਲਿਖੇ ਵਿਚੋਂ ਕਿਸੇ ਦੋ ਛੰਦਾਂ ਦੀ ਪਰਿਭਾਸ਼ਾ, ਗੁਣ ਲੱਛਣ ਉਦਾਹਰਨ ਸਹਿਤ ਲਿਖੋ :

(ੳ) ਦਵੱਈਆਂ

(ਅ) ਸੋਰਠਾ

(ੲ) ਚੋਪਈ

(ਸ) ਸਿਰਖੰਡੀ 5+5=10

7\. ਸ਼ਬਦ ਜੋੜਿਆਂ ਦੇ ਅਰਥ-ਭੇਦ ਵਾਕਾਂ ਰਾਹੀਂ ਸਪੱਸ਼ਟ ਕਰੋ : 10

ਕੁਲੀ-ਕੁੱਲੀ, ਛਟਾ-ਛੱਟਾ, ਗਲਾ-ਗੱਲਾਂ, ਪਿਲਾ-ਪਿੱਲਾ, ਬਚੀ-ਬੱਚੀ

8\. ਹੇਠ ਲਿਖੇ ਸਾਹਿਤਕ ਸ਼ਬਦਾਂ ਵਿਚੋਂ ਕਿਸੇ ਦਸ ਦਾ ਪੰਜਾਬੀ ਅਨੁਵਾਦ ਕਰੋ। 10

(ੳ) Chatarsis

(ਅ) Glossary

(ੲ) Annotation

(ਸ) Critic

(ਹ) Humanism

(ਕ) Brevity

(ਖ) Dramatist



(ਗ) Legend

(ਘ) Aptitude

(ਙ) Elegy

(ਚ) Literature

(ਛ) Example

(ਜ) Feudalism

(ਝ) Instinct

(ਟ) Fiction

9\. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਛਾਂਟ ਕੇ ਲਿਖੋ : 10

(i) 'ਇਸ਼ਕ ਦਾ ਕਵੀ' ਕਿਸ ਸੂਫ਼ੀ ਕਵੀ ਨੂੰ ਆਖਿਆ ਗਿਆ ਹੈ ?

(ੳ) ਸ਼ੇਖ ਫ਼ਰੀਦ

(ਅ) ਵਜ਼ੀਦ

(ੲ) ਸ਼ਾਹ-ਹੁਸੈਨ

(ਸ) ਬੁੱਲ੍ਹੇ ਸ਼ਾਹ

(ii) ਦੋਹੜੇ ਕਿਸ ਕਵੀ ਦੀ ਰਚਨਾ ਹੈ ?

(ੳ) ਮੁਕਬਲ

(ਅ) ਬੁੱਲ੍ਹੇ ਸ਼ਾਹ

(ੲ) ਹਾਸ਼ਮ ਸ਼ਾਹ

(ਸ) ਅਗਰਾ

(iii) ਸਮਾਜਕ ਪ੍ਰਾਣੀ ਲਈ, ਹੀਰ ਦੇ ਇਸ਼ਕ ਬਾਰੇ ਦੀ ਵਿਚਾਰ ਹੈ।

(ੳ) ਬਹੁਤ ਬੁਰਾ

(ਅ) ਬਹੁਤ ਜ਼ਰੂਰੀ ਚੀਜ ਹੈ

(ੲ) ਘਰ ਬਾਰ ਗਾਲ ਦਿੰਦਾ ਹੈ

(ਸ) ਬਦਨਾਮੀ ਦਾ ਕਾਰਨ ਬਣਦਾ ਹੈ

(iv) ਸੱਸੀ ਪੰਨੂੰ ਨੇ ਜਾਨਾਂ ਕਿਸ ਗੱਲ ਲਈ ਦਿੱਤੀਆ ?

(ੳ) ਪਿਆਰ ਲਈ

(ਅ) ਵੈਰ-ਵਿਰੋਧ ਕਾਰਨ

(ੲ) ਹੁਸਨ ਪ੍ਰਸਤੀ ਲਈ

(ਸ) ਇਸ਼ਕ ਬਦਲੇ

(v) ਨਾਦਰਸ਼ਾਹ ਕਿੱਥੋਂ ਦਾ ਬਾਦਸ਼ਾਹ ਸੀ ?

(ੳ) ਭਾਰਤ ਦਾ

(ਅ) ਈਰਾਨ ਦਾ

(ੲ) ਇਰਾਕ ਦਾ

(ਸ) ਕਿਸੇ ਦਾ ਨਹੀਂ

(vi) ਪਾਰੋ ਕੌਣ ਹੈ ?

(ੳ) ਰਾਮੇ ਸ਼ਾਹ ਦੀ ਧੀ

(ਅ) ਟਾਂਗੇ ਵਾਲੇ ਦੀ ਧੀ

(ੲ) ਬਿਸ਼ਨੇ ਜੱਟ ਦੀ ਧੀ

(ਸ) ਗੁਆਂਢੀ ਦੀ ਧੀ



(vii) ਸ਼ਬਦਾਂ ਦਾ ਜਾਦੂਗਰ ਕਿਸ ਨੂੰ ਕਿਹਾ ਗਿਆ ਹੈ।

(ੳ) ਤੇਜਾ ਸਿੰਘ ਨੂੰ

(ਅ) ਪ੍ਰੀਤਲੜੀ ਨੂੰ

(ੲ) ਪ੍ਰੋ. ਪੂਰਨ ਸਿੰਘ

(ਸ) ਭਾਈ ਵੀਰ ਸਿੰਘ

(viii) 'ਵੱਡਾ ਆਦਮੀ' ਕਹਾਣੀ ਕਿਸ ਪੁਸਤਕ ਵਿੱਚੋਂ ਲਈ ਗਈ ਹੈ ?

(ੳ) ਲੋਹੇ ਦੇ ਹੱਥ

(ਅ) ਭੱਜੀਆਂ ਬਾਹੀਂ

(ੲ) ਅੰਗ-ਸੰਗ

(ਸ) ਕਥਾ-ਧਾਰਾ

(ix) 'ਬੁੱਤ ਸ਼ਿਕਨ' ਸ਼ਬਦ ਕਿਸ ਭਾਸ਼ਾ ਦਾ ਹੈ ?

(ੳ) ਉਰਦੂ

(ਅ) ਅਰਬੀ

(ੲ) ਫ਼ਾਰਸੀ

(ਸ) ਸੰਸਕ੍ਰਿਤ

(x) 'ਜੀਨਤ ਆਪਾ ਕਹਾਣੀ ਕਿਸ ਖੇਤਰ ਨਾਲ ਸੰਬੰਧਤ ਹੈ ?

(ੳ) ਪੋਠੋਹਾਰ

(ਅ) ਮੁਲਤਾਨੀ

(ੲ) ਮਾਝਾ

(ਸ) ਮਾਲਵਾ

2,710